ਇਹ ਤੱਥਸ਼ੀਟ ਆਮ ਜਾਣਕਾਰੀ ਦੇਣ ਦੇ ਮੰਤਵਾਂ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਡਾਕੂਮੈਂਟ ਨਹੀਂ ਹੈ। ਕਾਨੂੰਨ ਦੇ ਅਰਥਾਂ ਅਤੇ ਵਰਤੋਂ ਦੇ ਮੰਤਵਾਂ ਲਈ ਕਿਰਪਾ ਕਰਕੇ *ਵਰਕਰਜ਼ ਕੰਪਨਸੇਸ਼ਨ ਐਕਟ ਅਤੇ ਰੀਹੈਬਲੀਟੇਸ਼ਨ ਸਰਵਿਸਿਜ਼ ਐਂਡ ਕਲੇਮਜ਼ ਮੈਨੂਅਲ, ਵੌਲੀਊਮਜ਼ I ਅਤੇ II* ਦੇਖੋ।

ਸੋਧਿਆ: ਜਨਵਰੀ 2024


# ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ ਨੂੰ ਅਪੀਲਾਂ

## ਆਮ ਜਾਣਕਾਰੀ

ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ (ਡਬਲਯੂ ਸੀ ਏ ਟੀ) ਇਕ ਆਜ਼ਾਦ ਸੰਸਥਾ ਹੈ ਜਿਸ ਕੋਲ ਵਰਕਰ ਜਾਂ ਕੰਮ-ਮਾਲਕ (ਇਮਪਲੌਏਅਰਜ਼) ਜਾ ਸਕਦੇ ਹਨ ਜੇ ਉਹ ਵਰਕਸੇਫ ਬੀ ਸੀ ਦੇ ਕਿਸੇ ਫੈਸਲੇ ਵਿਰੁੱਧ ਅਪੀਲ ਕਰਨਾ ਚਾਹੁੰਦੇ ਹੋਣ। ਵਰਕਰ ਅਤੇ ਕੰਮ-ਮਾਲਕ ਵਰਕਸੇਫ ਬੀ ਸੀ ਵਲੋਂ ਵਰਕਰਜ਼ ਕੰਪਨਸੇਸ਼ਨ ਦੇ ਕਲੇਮਾਂ, ਮਨਾਹੀ ਵਾਲੇ ਐਕਸ਼ਨ ਦੀਆਂ ਸ਼ਿਕਾਇਤਾਂ, ਜਾਂ ਕੰਮ ’ਤੇ ਸਿਹਤ ਅਤੇ ਸੇਫਟੀ ਦੇ ਆਰਡਰਾਂ ਬਾਰੇ ਕੀਤੇ ਗਏ ਫੈਸਲਿਆਂ ਵਿਰੁੱਧ ਅਪੀਲ ਕਰ ਸਕਦੇ ਹਨ, ਜੇ ਉਹ ਫੈਸਲੇ ਨਾਲ ਅਸਹਿਮਤ ਹੋਣ।

ਬ੍ਰਿਟਿਸ਼ ਕੋਲੰਬੀਆ ਦੇ ਵਰਕਰਜ਼ ਕੰਪਨਸੇਸ਼ਨ ਸਿਸਟਮ ਵਿਚ ਅਪੀਲ ਦੇ ਦੋ ਪੱਧਰ ਹਨ: ਵਰਕਸੇਫ ਬੀ ਸੀ ਦੀ ਰਿਵੀਊ ਡਿਵੀਜ਼ਨ ਬਹੁਤੇ ਮਾਮਲਿਆਂ ਲਈ, ਰਿਵੀਊ ਦਾ ਪਹਿਲਾ ਪੱਧਰ ਹੈ, ਅਤੇ ਡਬਲਯੂ ਸੀ ਏ ਟੀ ਅਪੀਲ ਦਾ ਦੂਜਾ ਅਤੇ ਆਖਰੀ ਪੱਧਰ ਹੈ।

ਆਮ ਤੌਰ ’ਤੇ, ਇਸ ਤੋਂ ਪਹਿਲਾਂ ਕਿ ਫੈਸਲੇ ਦੀ ਡਬਲਯੂ ਸੀ ਏ ਟੀ ਕੋਲ ਅਪੀਲ ਕੀਤੀ ਜਾ ਸਕੇ, ਵਰਕਸੇਫ ਬੀ ਸੀ ਵਲੋਂ ਕੀਤੇ ਗਏ ਫੈਸਲੇ ਬਾਰੇ ਰਿਵੀਊ ਡਿਵੀਜ਼ਨ ਵਲੋਂ ਵਿਚਾਰ ਕੀਤੇ ਜਾਣਾ ਜ਼ਰੂਰੀ ਹੈ। ਇਸ ਆਮ ਨਿਯਮ ਵਿਚ ਕੁਝ ਛੋਟਾਂ ਵੀ ਹਨ। ਉਦਾਹਰਣ ਲਈ, ਵੋਕੇਸ਼ਨਲ ਰੀਹੈਬਲੀਟੇਸ਼ਨ ਦੇ ਸੰਬੰਧ ਵਿਚ ਰਿਵੀਊ ਡਿਵੀਜ਼ਨ ਦੇ ਫੈਸਲੇ ਵਿਰੁੱਧ ਡਬਲਯੂ ਸੀ ਏ ਟੀ ਕੋਲ ਅਪੀਲ ਨਹੀਂ ਕੀਤੀ ਜਾ ਸਕਦੀ, ਅਤੇ ਮਨਾਹੀ ਵਾਲੇ ਐਕਸ਼ਨ ਦੀਆਂ ਸ਼ਿਕਾਇਤਾਂ ਬਾਰੇ ਵਰਕਸੇਫ ਬੀ ਸੀ ਵਲੋਂ ਕੀਤੇ ਗਏ ਫੈਸਲੇ ਰਿਵੀਊ ਡਿਵੀਜ਼ਨ ਵਲੋਂ ਵਿਚਾਰੇ ਨਹੀਂ ਜਾ ਸਕਦੇ ਪਰ ਇਸ ਦੀ ਅਪੀਲ ਡਬਲਯੂ ਸੀ ਏ ਟੀ ਕੋਲ ਸਿੱਧੀ ਕਰਨਾ ਜ਼ਰੂਰੀ ਹੈ।



# ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ (ਡਬਲਯੂ ਸੀ ਏ ਟੀ) ਨੂੰ ਅਪੀਲਾਂ

## ਡਬਲਯੂ ਸੀ ਏ ਟੀ ਕੀ ਹੈ?

ਡਬਲਯੂ ਸੀ ਏ ਟੀ, ਵਰਕਸੇਫ ਬੀ ਸੀ ਅਤੇ ਰਿਵੀਊ ਡਿਵੀਜ਼ਨ ਤੋਂ ਆਜ਼ਾਦ ਹੈ। ਇਹ ਇਕ ਅਪੀਲ ਟ੍ਰਿਬਿਊਨਲ ਹੈ ਜਿਸ ਕੋਲ ਕੰਮ ਨਾਲ ਸੰਬੰਧਿਤ ਮੁੱਦਿਆਂ ਦੀਆਂ ਖਾਸ ਕਿਸਮਾਂ ਬਾਰੇ ਵਰਕਸੇਫ ਬੀ ਸੀ ਵਲੋਂ ਕੀਤੇ ਗਏ ਫੈਸਲਿਆਂ ਨੂੰ ਬਦਲਣ ਦਾ ਕਾਨੂੰਨੀ ਅਧਿਕਾਰ ਹੈ, ਜਿਵੇਂ ਕਿ *ਵਰਕਰਜ਼ ਕੰਪਨਸੇਸ਼ਨ ਐਕਟ* ਦੇ ਸੈਕਸ਼ਨ 288 ਅਤੇ 289 ਵਿਚ ਦੱਸਿਆ ਗਿਆ ਹੈ।

ਬਹੁਤੇ ਕੇਸਾਂ ਵਿਚ, ਡਬਲਯੂ ਸੀ ਏ ਟੀ ਦੇ ਫੈਸਲੇ ਅੰਤਿਮ ਅਤੇ ਪੱਕੇ ਹੁੰਦੇ ਹਨ। ਡਬਲਯੂ ਸੀ ਏ ਟੀ ਵਿਖੇ ਅਪੀਲਾਂ ਦਾ ਫੈਸਲਾ ਇਕ ਪੈਨਲ ਵਲੋਂ ਕੀਤਾ ਜਾਂਦਾ ਹੈ। ਬਹੁਤੇ ਪੈਨਲ ਇਕੱਲੇ ਵਾਈਸ ਚੇਅਰ ਤੋਂ ਬਣੇ ਹੋਏ ਹੁੰਦੇ ਹਨ।

## ਅਪੀਲ ਕੌਣ ਕਰ ਸਕਦਾ ਹੈ?

ਕੋਈ ਵੀ ਉਹ ਵਿਅਕਤੀ ਡਬਲਯੂ ਸੀ ਏ ਟੀ ਕੋਲ ਅਪੀਲ ਕਰ ਸਕਦਾ ਹੈ ਜਿਸ 'ਤੇ ਵਰਕਸੇਫ ਬੀ ਸੀ ਦੇ ਕਿਸੇ ਫੈਸਲੇ ਜਾਂ ਰਿਵੀਊ ਡਿਵੀਜ਼ਨ ਵਲੋਂ ਕੀਤੇ ਗਏ ਕਿਸੇ ਫੈਸਲੇ ਦਾ ਸਿੱਧਾ ਅਸਰ ਪਿਆ ਹੈ। ਇਸ ਵਿਚ ਵਰਕਰ ਜਾਂ ਕੰਮ-ਮਾਲਕ, ਅਤੇ ਉਨ੍ਹਾਂ ਦੇ ਨੁਮਾਇੰਦੇ ਸ਼ਾਮਲ ਹਨ।

ਜੇ ਤੁਸੀਂ ਅਪੀਲ ਕਰਦੇ ਹੋ ਤਾਂ ਤੁਸੀਂ ਅਪੀਲ ਕਰਤਾ (ਅਪੈਲੇਂਟ) ਹੁੰਦੇ ਹੋ ਅਤੇ ਤੁਹਾਡੇ ਕੰਮ 'ਤੇ ਲੱਗੀ ਸੱਟ ਜਾ ਵਰਕਰਜ਼ ਕੰਪਨਸੇਸ਼ਨ ਦੇ ਹੋਰ ਮਾਮਲੇ ਦੇ ਸਮੇਂ ਦੇ ਤੁਹਾਡੇ ਕੰਮ-ਮਾਲਕ ਨੂੰ ਉੱਤਰਦਾਇਕ (ਰਿਸਪੌਂਡੈਂਟ) ਵਜੋਂ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਵੇਗਾ। ਜੇ ਕੰਮ-ਮਾਲਕ ਅਪੀਲ ਕਰਦਾ ਹੈ ਤਾਂ ਉਹ ਅਪੀਲ ਕਰਤਾ ਹੋਵੇਗਾ ਅਤੇ ਤੁਹਾਨੂੰ ਉੱਤਰਦਾਇਕ ਵਜੋਂ ਅਪੀਲ ਵਿਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਵੇਗਾ।

## ਕੀ ਮੈਨੂੰ ਆਪਣੇ ਕੰਮ-ਮਾਲਕ ਦੀ ਅਪੀਲ ਵਿਚ ਹਿੱਸਾ ਲੈਣਾ ਚਾਹੀਦਾ ਹੈ?

ਜੇ ਇਹ ਅਪੀਲ ਤੁਹਾਡੇ ਵਰਕਸੇਫ ਬੀ ਸੀ ਦੇ ਭੱਤਿਆਂ 'ਤੇ ਅਸਰ ਪਾ ਸਕਦੀ ਹੋਵੇ ਤਾਂ ਤੁਹਾਨੂੰ ਆਪਣੇ ਕੰਮ-ਮਾਲਕ ਦੀ ਅਪੀਲ ਵਿਚ ਹਿੱਸਾ ਲੈਣ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਅਪੀਲ ਵਿਚ ਹਿੱਸਾ ਲੈਣ ਲਈ ਤੁਹਾਡੇ ਲਈ ਭਰਿਆ ਹੋਇਆ ਨੋਟਿਸ ਔਫ ਪਾਰਟੀਸੀਪੇਸ਼ਨ ਫਾਰਮ (ਹਿੱਸਾ ਲੈਣ ਦੇ ਨੋਟਿਸ ਵਾਲਾ ਫਾਰਮ) ਡਬਲਯੂ ਸੀ ਏ ਟੀ ਨੂੰ ਭੇਜਣਾ ਜ਼ਰੂਰੀ ਹੈ।

## ਡਬਲਯੂ ਸੀ ਏ ਟੀ ਕੋਲ ਕਿਹੜੇ ਫੈਸਲਿਆਂ ਦੀ ਅਪੀਲ ਕੀਤੀ ਜਾ ਸਕਦੀ ਹੈ?

ਰਿਵੀਊ ਡਿਵੀਜ਼ਨ ਦੇ ਬਹੁਤੇ ਫੈਸਲਿਆਂ ਦੀ ਡਬਲਯੂ ਸੀ ਏ ਟੀ ਕੋਲ ਅਪੀਲ ਕੀਤੀ ਜਾ ਸਕਦੀ ਹੈ। ਪਰ ਰਿਵੀਊ ਡਿਵੀਜ਼ਨ ਦੇ ਕੁਝ ਫੈਸਲੇ ਅੰਤਿਮ ਹੁੰਦੇ ਹਨ ਅਤੇ ਉਨ੍ਹਾਂ ਦੀ ਡਬਲਯੂ ਸੀ ਏ ਟੀ ਕੋਲ ਅਪੀਲ ਨਹੀਂ ਕੀਤੀ ਜਾ ਸਕਦੀ ਹੈ। ਇਨ੍ਹਾਂ ਵਿਚ ਸ਼ਾਮਲ ਹਨ:

- ਵੋਕੇਸ਼ਨਲ ਰੀਹੈਬਲੀਟੇਸ਼ਨ ਬੈਨੇਫਿਟਸ ਬਾਰੇ ਫੈਸਲੇ;
- ਪੱਕੀ ਡਿਸਏਬਿਲਟੀ ਦੇ ਬੈਨੇਫਿਟਸ ਦੀ ਤਬਦੀਲੀ ਬਾਰੇ ਫੈਸਲੇ;
- ਕਾਰਵਾਈਆਂ ਜਾਂ ਕਿਸੇ ਰਿਵੀਊ ਅਫਸਰ ਵਲੋਂ ਕੀਤੇ ਗਏ "ਰਿਵੀਊ" ਦੇ ਢੰਗ ਬਾਰੇ ਫੈਸਲੇ (ਸਮੇਤ ਸਮਾਂ ਵਧਾਉਣ ਲਈ ਕੀਤੀ ਗਈ ਬੇਨਤੀ ਨੂੰ ਨਾਂਹ ਕਰਨ ਦੇ);
- ਪੱਕੀ ਡਿਸਏਬਿਲਟੀ ਦੇ ਕੁਝ ਬੈਨੇਫਿਟਸ ਬਾਰੇ ਫੈਸਲੇ (ਇਸ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਵਰਕਰਜ਼ ਅਡਵਾਈਜ਼ਰਜ਼ ਆਫਿਸ ਨਾਲ ਸੰਪਰਕ ਕਰੋ); ਅਤੇ

- ਉਹ ਫੈਸਲੇ ਜਿਨ੍ਹਾਂ ਦਾ ਨਤੀਜਾ ਪੜਤਾਲ ਕਰਨ ਅਤੇ ਨਵੇਂ ਫੈਸਲੇ ਲਈ ਵਰਕਸੇਫ ਬੀ ਸੀ ਨੂੰ ਫੈਸਲੇ ਵਾਪਸ ਭੇਜੇ ਜਾਣ ਵਿਚ ਨਿਕਲਿਆ ਹੈ (ਪਰ, ਜੇ ਪੜਤਾਲ ਕਰਨ ਜਾਂ ਨਵੇਂ ਫੈਸਲੇ ਦੇ ਸੰਬੰਧ ਵਿਚ ਰਿਵੀਊ ਅਫਸਰ ਵਲੋਂ ਹਿਦਾਇਤਾਂ ਦਿੱਤੀਆਂ ਗਈਆਂ ਹਨ ਤਾਂ ਵਰਕਸੇਫ ਬੀ ਸੀ ਨੂੰ ਵਾਪਸ ਭੇਜੇ ਗਏ ਫੈਸਲੇ ਨਾਲ ਆਈਆਂ ਹਿਦਾਇਤਾਂ ਦੇ ਵਿਰੁੱਧ ਅਪੀਲ ਕੀਤੀ ਜਾ ਸਕਦੀ ਹੈ)।

## ਕੀ ਮੈਂ ਵਰਕਸੇਫ ਬੀ ਸੀ ਦੇ ਫੈਸਲਿਆਂ ਦੀ ਡਬਲਯੂ ਸੀ ਏ ਟੀ ਕੋਲ ਸਿੱਧੀ ਅਪੀਲ ਕਰ ਸਕਦਾ/ਸਕਦੀ ਹਾਂ?

ਆਮ ਤੌਰ 'ਤੇ, ਇਸ ਤੋਂ ਪਹਿਲਾਂ ਕਿ ਤੁਸੀਂ ਡਬਲਯੂ ਸੀ ਏ ਟੀ ਕੋਲ ਅਪੀਲ ਕਰ ਸਕੋ ਤੁਹਾਡੇ ਲਈ ਰਿਵੀਊ ਡਿਵੀਜ਼ਨ ਦੇ ਕਾਰਜ ਵਿਚ ਦੀ ਲੰਘਣਾ ਜ਼ਰੂਰੀ ਹੈ। ਪਰ, ਫੈਸਲਿਆਂ ਦੀਆਂ ਅੱਗੇ ਦੱਸੀਆਂ ਕਿਸਮਾਂ ਦੀ ਅਪੀਲ ਸਿੱਧੀ ਡਬਲਯੂ ਸੀ ਏ ਟੀ ਕੋਲ ਕੀਤੀ ਜਾਣੀ ਜ਼ਰੂਰੀ ਹੈ:

- ਮਨਾਹੀ ਵਾਲੇ ਐਕਸ਼ਨ ਦੀਆਂ ਸ਼ਿਕਾਇਤਾਂ ਬਾਰੇ ਫੈਸਲੇ; ਅਤੇ
- ਇਨ੍ਹਾਂ ਚੀਜ਼ਾਂ ਬਾਰੇ ਫੈਸਲੇ ਕਿ ਕੀ ਤੁਹਾਡਾ ਕਲੇਮ ਦੁਬਾਰਾ ਖੋਲ੍ਹਿਆ ਜਾਵੇਗਾ ਜਾਂ ਨਹੀਂ ਜੇ ਤੁਸੀਂ ਦੁਬਾਰਾ ਖੋਲ੍ਹਣ ਲਈ ਰਸਮੀ ਤੌਰ 'ਤੇ ਅਪਲਾਈ ਕੀਤਾ ਹੈ।

## ਕੋਈ ਅਪੀਲ ਸ਼ੁਰੂ ਕਰਨ ਲਈ ਅੰਤਿਮ ਤਾਰੀਕ ਕੀ ਹੈ?

ਜੇ ਤੁਸੀਂ ਰਿਵੀਊ ਡਿਵੀਜ਼ਨ ਦੇ ਕਿਸੇ ਫੈਸਲੇ ਦੀ ਅਪੀਲ ਕਰ ਰਹੇ ਹੋ ਤਾਂ ਤੁਹਾਡਾ ਅਪੀਲ ਦਾ ਨੋਟਿਸ ਡਬਲਯੂ ਸੀ ਏ ਟੀ ਨੂੰ ਰਿਵੀਊ ਡਿਵੀਜ਼ਨ ਦੇ ਫੈਸਲੇ ਦੀ ਤਾਰੀਕ ਤੋਂ ਬਾਅਦ **30 ਦਿਨਾਂ** ਦੇ ਵਿਚ ਵਿਚ ਮਿਲਣਾ ਜ਼ਰੂਰੀ ਹੈ।

ਜੇ ਤੁਸੀਂ ਵਰਕਸੇਫ ਬੀ ਸੀ ਦੇ ਕਿਸੇ ਮਨਾਹੀ ਵਾਲੇ ਐਕਸ਼ਨ ਦੀ ਜਾਂ ਕਲੇਮ ਦੁਬਾਰਾ ਖੋਲ੍ਹਣ ਦੇ ਫੈਸਲੇ ਦੀ ਡਬਲਯੂ ਸੀ ਏ ਟੀ ਕੋਲ ਸਿੱਧੀ ਅਪੀਲ ਕਰ ਰਹੇ ਹੋ ਤਾਂ ਤੁਹਾਡਾ ਅਪੀਲ ਦਾ ਨੋਟਿਸ ਡਬਲਯੂ ਸੀ ਏ ਟੀ ਨੂੰ ਵਰਕਸੇਫ ਬੀਸੀ ਦੇ ਫੈਸਲੇ ਦੀ ਤਾਰੀਕ ਤੋਂ ਬਾਅਦ **90 ਦਿਨਾਂ** ਦੇ ਵਿਚ ਵਿਚ ਮਿਲਣਾ ਜ਼ਰੂਰੀ ਹੈ।

ਸਾਡਾ ਦਫਤਰ ਇਹ ਸਲਾਹ ਦਿੰਦਾ ਹੈ ਕਿ ਤੁਸੀਂ ਆਪਣਾ ਅਪੀਲ ਦੇ ਨੋਟਿਸ ਦਾ ਫਾਰਮ ਅੰਤਿਮ ਤਾਰੀਕ ਤੋਂ ਥੋੜ੍ਹਾ ਜਿਹਾ ਪਹਿਲਾਂ ਭੇਜਣ ਬਾਰੇ ਵਿਚਾਰ ਕਰੋ। ਇਸ ਨਾਲ ਤੁਹਾਨੂੰ ਜੇ ਲੋੜ ਹੋਵੇ ਤਾਂ ਹੋਰ ਸਬੂਤ ਇਕੱਤਰ ਕਰਨ ਅਤੇ ਅਪੀਲ ਲਈ ਤਿਆਰੀ ਕਰਨ ਲਈ ਕੁਝ ਵਾਧੂ ਸਮਾਂ ਮਿਲੇਗਾ। ਪਰ ਜੇ ਤੁਸੀਂ ਇਹ ਕਰਦੇ ਹੋ ਤਾਂ **ਇਹ ਪੱਕਾ ਕਰੋ ਕਿ ਤੁਸੀਂ ਅੰਤਿਮ ਤਾਰੀਕ ਨਾ ਖੁੰਝ ਜਾਵੋ।** ਅਸੀਂ ਇਹ ਵੀ ਸਲਾਹ ਦਿੰਦੇ ਹਾਂ ਕਿ ਤੁਸੀਂ ਫੌਰਨ ਆਪਣੇ ਕਲੇਮ ਦੀ ਫਾਇਲ ਦੀ ਕਾਪੀ ਮੰਗੋ ਜਾਂ ਆਪਣੇ ਕਲੇਮ ਦੀ ਫਾਇਲ ਤੱਕ ਔਨਲਾਈਨ ਪਹੁੰਚ ਕਰਨ ਲਈ ਵਰਕਸੇਫ ਬੀ ਸੀ ਨਾਲ ਰਜਿਸਟਰ ਹੋਵੋ।

## ਮੈਂ ਅਪੀਲ ਕਿਵੇਂ ਸ਼ੁਰੂ ਕਰਨੀ ਹੈ?

ਅਪੀਲ ਸ਼ੁਰੂ ਕਰਨ ਲਈ ਤੁਹਾਨੂੰ ਅਪੀਲ ਦੇ ਨੋਟਿਸ ਦਾ ਫਾਰਮ ਭਰਨ ਅਤੇ ਡਬਲਯੂ ਸੀ ਏ ਟੀ ਨੂੰ ਭੇਜਣ ਦੀ ਲੋੜ ਹੈ ਤਾਂ ਜੋ ਉਨ੍ਹਾਂ ਨੂੰ ਇਹ ਅੰਤਿਮ ਤਾਰੀਕ ਤੋਂ ਪਹਿਲਾਂ ਮਿਲ ਜਾਵੇ। ਤੁਸੀਂ ਇਹ ਫਾਰਮ ਡਬਲਯੂ ਸੀ ਏ ਟੀ ਦੇ ਵੈੱਬਸਾਈਟ 'ਤੇ ਔਨਲਾਈਨ ਭਰ ਸਕਦੇ ਹੋ, ਜਾਂ ਇਸ ਦੀ ਛਾਪੀ ਹੋਈ ਕਾਪੀ ਡਾਕ ਜਾਂ ਫੈਕਸ ਰਾਹੀਂ ਡਬਲਯੂ ਸੀ ਏ ਟੀ ਕੋਲ ਦਰਜ ਕਰਵਾਈ ਜਾ ਸਕਦੀ ਹੈ।

ਅਪੀਲ ਦੇ ਨੋਟਿਸ ਦਾ ਫਾਰਮ, ਡਬਲਯੂ ਸੀ ਏ ਟੀ ਦੇ ਵੈੱਬਸਾਈਟ 'ਤੇ ਉਪਲਬਧ ਹੈ: https://www.wcat.bc.ca/home/appeal-a-decision/give-notice-to-start-an-appeal/ ਤੁਸੀਂ ਫਾਰਮ ਡਬਲਯੂ ਸੀ ਏ ਟੀ ਤੋਂ, ਵਰਕਸੇਫ ਬੀ ਸੀ ਦੇ ਕਿਸੇ ਦਫਤਰ ਤੋਂ ਜਾਂ ਵਰਕਰਜ਼ ਅਡਵਾਈਜ਼ਰ ਦੇ ਕਿਸੇ ਦਫਤਰ ਤੋਂ ਵੀ ਲੈ ਸਕਦੇ ਹੋ।

# ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ (ਡਬਲਯੂ ਸੀ ਏ ਟੀ) ਨੂੰ ਅਪੀਲਾਂ

ਤੁਹਾਡੇ ਲਈ ਜਾਂ ਤੁਹਾਡੇ ਨੁਮਾਇੰਦੇ ਲਈ ਅਪੀਲ ਦੇ ਨੋਟਿਸ ਦੇ ਫਾਰਮ ’ਤੇ ਦਸਖਤ ਕਰਨਾ ਜ਼ਰੂਰੀ ਹੈ। ਜੇ ਤੁਹਾਡਾ ਨੁਮਾਇੰਦਾ ਤੁਹਾਡੀ ਤਰਫੋਂ ਅਪੀਲ ਦੇ ਨੋਟਿਸ ਦੇ ਫਾਰਮ ’ਤੇ ਦਸਖਤ ਕਰਦਾ ਹੈ ਤਾਂ ਉਸ ਲਈ ਇਹ ਕਹਿੰਦੀ ਹੋਈ ਆਗਿਆ ਵੀ ਨਾਲ ਲਾਉਣਾ ਜ਼ਰੂਰੀ ਹੈ ਕਿ ਤੁਸੀਂ ਦਸਖਤ ਕੀਤੇ ਹਨ, ਜੇ ਤੁਹਾਡਾ ਨੁਮਾਇੰਦਾ ਵਰਕਰਜ਼ ਅਡਵਾਈਜ਼ਰ ਨਹੀਂ ਹੈ।

ਡਬਲਯੂ ਸੀ ਏ ਟੀ ਤੁਹਾਨੂੰ ਇਹ ਦੱਸਣ ਵਾਲੀ ਚਿੱਠੀ ਭੇਜੇਗਾ ਕਿ ਤੁਹਾਡਾ ਅਪੀਲ ਦੇ ਨੋਟਿਸ ਦਾ ਫਾਰਮ ਮਿਲ ਗਿਆ ਹੈ। ਜੇ ਅਜਿਹਾ ਕੁਝ ਹਫਤਿਆਂ ਵਿਚ ਨਹੀਂ ਹੁੰਦਾ ਤਾਂ ਕਿਰਪਾ ਕਰਕੇ ਇਨ੍ਹਾਂ ਨੰਬਰਾਂ ’ਤੇ ਡਬਲਯੂ ਸੀ ਏ ਟੀ ਨੂੰ ਫੌਰਨ ਫੋਨ ਕਰੋ:

- ਲੋਅਰ ਮੇਨਲੈਂਡ: 604-664-7800
- ਬੀ.ਸੀ. ਵਿਚ ਕਿਤਿਉਂ ਵੀ ਮੁਫਤ: 1-800-663-2782

ਤੁਸੀਂ ਆਪਣੀ ਅਪੀਲ ਡਬਲਯੂ ਸੀ ਏ ਟੀ ਨੂੰ ਫੋਨ ਕਰਕੇ ਅਤੇ ਆਪਣਾ ਨਾਂ, ਚਿੱਠੀ ਪੱਤਰ ਲਈ ਐਡਰੈਸ, ਟੈਲੀਫੋਨ ਨੰਬਰ, ਵਰਕਸੇਫ ਬੀ ਸੀ ਦਾ/ਦੇ ਕਲੇਮ ਨੰਬਰ, ਅਤੇ ਰਿਵੀਊ ਡਿਵੀਜ਼ਨ ਦੇ ਫੈਸਲੇ ਦਾ/ਦੇ ਰੈਂਫਰੈਂਸ ਨੰਬਰ ਦੇ ਕੇ ਵੀ ਸ਼ੁਰੂ ਕਰ ਸਕਦੇ ਹੋ। ਤੁਹਾਨੂੰ ਰਿਵੀਊ ਡਿਵੀਜ਼ਨ ਦੇ ਫੈਸਲੇ ਦੀ ਉਸ ਚਿੱਠੀ ਦੀ ਤਾਰੀਕ ਦੀ ਵੀ ਲੋੜ ਪਵੇਗੀ ਜਿਸ ਦੀ ਤੁਸੀਂ ਅਪੀਲ ਕਰਨਾ ਚਾਹੁੰਦੇ ਹੋ। ਜੇ ਤੁਸੀਂ ਅਪੀਲ ਲਈ ਅੰਤਿਮ ਤਾਰੀਕ ਤੋਂ ਪਹਿਲਾਂ ਡਬਲਯੂ ਸੀ ਏ ਟੀ ਨੂੰ ਫੋਨ ਕਰਦੇ ਹੋ ਤਾਂ ਡਬਲਯੂ ਸੀ ਏ ਟੀ ਤੁਹਾਨੂੰ ਅਪੀਲ ਦੇ ਨੋਟਿਸ ਦਾ ਭਰਿਆ ਹੋਇਆ ਫਾਰਮ ਭੇਜਣ ਲਈ 21 ਹੋਰ ਦਿਨ ਦੇਵੇਗਾ।

**ਮਹੱਤਵਪੂਰਨ:** ਜਦੋਂ ਤੁਸੀਂ ਡਬਲਯੂ ਸੀ ਏ ਟੀ ਨੂੰ ਫੋਨ ਕਰੋ ਤਾਂ ਤੁਹਾਨੂੰ ਇਸ ਚੀਜ਼ ਦੇ ਸਬੂਤ ਵਜੋਂ ਅਪੀਲ ਕਨਫਰਮੇਸ਼ਨ ਨੰਬਰ ਮੰਗਣਾ ਚਾਹੀਦਾ ਹੈ ਕਿ ਤੁਸੀਂ ਅੰਤਿਮ ਤਾਰੀਕ ਤੋਂ ਪਹਿਲਾਂ ਫੋਨ ਕੀਤਾ ਹੈ।

ਜਦੋਂ ਤੁਸੀਂ ਅਪੀਲ ਦੇ ਨੋਟਿਸ ਦਾ ਫਾਰਮ ਭੇਜੋਗੇ ਤਾਂ ਡਬਲਯੂ ਸੀ ਏ ਟੀ ਆਪਣੇ ਆਪ ਹੀ ਵਰਕਸੇਫ ਬੀ ਸੀ ਨੂੰ ਕਹੇਗਾ ਕਿ ਉਹ ਤੁਹਾਨੂੰ ਤੁਹਾਡੇ ਕਲੇਮ ਦੀ ਫਾਇਲ ਦੀ ਤਾਜ਼ਾ ਕਾਪੀ ਭੇਜੇ।

### ਜੇ ਮੇਰਾ ਅਪੀਲ ਦੇ ਨੋਟਿਸ ਦਾ ਫਾਰਮ ਲੇਟ ਹੋ ਜਾਵੇ ਤਾਂ ਕੀ ਹੁੰਦਾ ਹੈ?

ਜੇ ਤੁਹਾਡਾ ਅਪੀਲ ਦੇ ਨੋਟਿਸ ਦਾ ਫਾਰਮ ਡਬਲਯੂ ਸੀ ਏ ਟੀ ਨੂੰ 30 ਦਿਨਾਂ ਦੀ ਜਾਂ 90 ਦਿਨਾਂ ਦੀ ਅੰਤਿਮ ਤਾਰੀਕ ਦੇ ਵਿਚ ਵਿਚ ਨਹੀਂ ਮਿਲਦਾ ਤਾਂ ਤੁਹਾਨੂੰ ਸਮਾਂ ਵਧਾਉਣ ਲਈ ਬੇਨਤੀ ਕਰਨੀ ਪਵੇਗੀ। ਜੇ ਸਮੇਂ ਵਿਚ ਵਾਧਾ ਕਰ ਦਿੱਤਾ ਜਾਂਦਾ ਹੈ ਤਾਂ ਤੁਹਾਡੀ ਅਪੀਲ ਸਮੇਂ ਸਿਰ ਮਿਲੀ ਅਪੀਲ ਦੇ ਤੌਰ ’ਤੇ ਅੱਗੇ ਵਧੇਗੀ।

ਸਮਾਂ ਵਧਾਉਣ ਲਈ ਬੇਨਤੀ ਕਰਨ ਲਈ ਤੁਹਾਨੂੰ ਐਕਸਟੈਨਸ਼ਨ ਔਫ ਟਾਈਮ ਟੂ ਅਪੀਲ ਐਪਲੀਕੇਸ਼ਨ ਫਾਰਮ (ਅਪੀਲ ਦੇ ਅਰਜ਼ੀ ਫਾਰਮ ਲਈ ਸਮਾਂ ਵਧਾਉਣਾ) ਮੁਕੰਮਲ ਕਰਨ ਅਤੇ ਆਪਣੇ ਅਪੀਲ ਦੇ ਨੋਟਿਸ ਦੇ ਫਾਰਮ ਨਾਲ ਡਬਲਯੂ ਸੀ ਏ ਟੀ ਨੂੰ ਭੇਜਣ ਦੀ ਲੋੜ ਹੈ। ਇਹ ਫਾਰਮ ਔਨਲਾਈਨ ਡਬਲਯੂ ਸੀ ਏ ਟੀ ਦੇ ਵੈੱਬਸਾਈਟ ’ਤੇ ਵੀ ਉਪਲਬਧ ਹੈ: https://www.wcat.bc.ca/home/appeal-a-decision/give-notice-to-start-an-appeal/ask-for-more-time-to-start-an-appeal/

ਤੁਹਾਨੂੰ ਇਕ ਚਿੱਠੀ ਵੀ ਭੇਜਣੀ ਪਵੇਗੀ ਜਿਸ ਵਿਚ ਉਹ ਖਾਸ ਕਾਰਨ ਦੱਸਣਾ ਜਾਂ ਦੱਸਣੇ ਪੈਣਗੇ ਕਿ ਤੁਹਾਡਾ ਅਪੀਲ ਦੇ ਨੋਟਿਸ ਦਾ ਫਾਰਮ ਲੇਟ ਕਿਉਂ ਹੋਇਆ ਸੀ। ਤੁਹਾਡੀ ਚਿੱਠੀ ਵਿਚ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸਮਾਂ ਵਧਾਉਣ ਲਈ ਤੁਹਾਡੀ ਬੇਨਤੀ ਨੂੰ ਪ੍ਰਵਾਨ ਨਾ ਕੀਤੇ ਜਾਣਾ ਬੇਇਨਸਾਫੀ ਕਿਉਂ ਹੋਵੇਗੀ। ਡਬਲਯੂ ਸੀ ਏ ਟੀ ਤੁਹਾਡੀ ਬੇਨਤੀ ਨੂੰ ਮੰਨਣ ਤੋਂ ਨਾਂਹ ਕਰ ਸਕਦਾ ਹੈ ਅਤੇ ਇਸ ਦੇ ਨਤੀਜੇ ਵਜੋਂ ਇਸ ਚੀਜ਼ ਦੀ ਕੋਈ ਗਰੰਟੀ ਨਹੀਂ ਹੈ ਕਿ ਤੁਹਾਡਾ ਸਮਾਂ ਵਧਾਇਆ ਜਾਵੇਗਾ।

# ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ (ਡਬਲਯੂ ਸੀ ਏ ਟੀ) ਨੂੰ ਅਪੀਲਾਂ

ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ *ਸਮਾਂ ਵਧਾਉਣ ਲਈ ਅਰਜ਼ੀਆਂ* ਨਾਂ ਦੀ ਤੱਥਸ਼ੀਟ ਦੇਖੋ।

**ਅਪੀਲਾਂ ਕਿਵੇਂ ਸੁਣੀਆਂ ਜਾਂਦੀਆਂ ਹਨ?**

***ਚੋਣ 1: ਪੜ੍ਹਨਾ ਅਤੇ ਵਿਚਾਰਨਾ***

"ਪੜ੍ਹਨਾ ਅਤੇ ਵਿਚਾਰਨਾ" ਅਪੀਲ ਦੀ ਇਕ ਲਿਖਤੀ ਕਾਰਵਾਈ ਹੈ। ਇਸ ਕਿਸਮ ਦੀ ਅਪੀਲ ਵਿਚ, ਡਬਲਯੂ ਸੀ ਏ ਟੀ ਦਾ ਪੈਨਲ ਤੁਹਾਡੀ ਫਾਇਲ ਪੜ੍ਹੇਗਾ ਅਤੇ ਤੁਹਾਡੇ ਵਲੋਂ ਦਿੱਤੀਆਂ ਗਈਆਂ ਕੋਈ ਵੀ ਦਲੀਲਾਂ ਅਤੇ ਸਬੂਤਾਂ 'ਤੇ ਵਿਚਾਰ ਕਰੇਗਾ। ਫਿਰ ਇਹ ਰਸਮੀ ਸੁਣਵਾਈ ਕੀਤੇ ਬਿਨਾਂ ਤੁਹਾਡੀ ਅਪੀਲ 'ਤੇ ਫੈਸਲਾ ਦੇਵੇਗਾ।

ਜੇ ਤੁਹਾਡੀ ਅਪੀਲ ਇਸ ਤਰੀਕੇ ਨਾਲ ਸੁਣੀ ਜਾਂਦੀ ਹੈ ਤਾਂ ਡਬਲਯੂ ਸੀ ਏ ਟੀ ਤੁਹਾਨੂੰ ਇਕ ਚਿੱਠੀ ਭੇਜੇਗਾ ਜਿਸ ਵਿਚ ਇਹ ਦੱਸਿਆ ਗਿਆ ਹੋਵੇਗਾ ਕਿ ਅਪੀਲ ਕਿਉਂ ਮੰਨੀ ਜਾਣੀ ਚਾਹੀਦੀ ਹੈ ਦੇ ਹੱਕ ਵਿਚ ਦਲੀਲਾਂ ਪੇਸ਼ ਕਰਨ, ਅਤੇ ਨਵੇਂ ਸਬੂਤ ਭੇਜਣ ਲਈ ਅੰਤਿਮ ਤਾਰੀਕ ਕਿਹੜੀ ਹੈ। ਬਹੁਤੇ ਕੇਸਾਂ ਵਿਚ, ਤੁਹਾਨੂੰ ਉਸ ਤਾਰੀਕ ਤੋਂ 21 ਦਿਨ ਮਿਲਣਗੇ ਜਦੋਂ ਵਰਕਸੇਫ ਬੀ ਸੀ ਨੇ ਡਬਲਯੂ ਸੀ ਏ ਟੀ ਨੂੰ ਇਹ ਦੱਸਿਆ ਹੈ ਕਿ ਤੁਹਾਨੂੰ ਤੁਹਾਡੀ ਫਾਇਲ ਦੀ ਜਾਣਕਾਰੀ ਭੇਜੀ ਗਈ ਸੀ। ਜੇ ਤੁਹਾਨੂੰ ਹੋਰ ਸਮੇਂ ਦੀ ਲੋੜ ਹੋਵੇ ਤਾਂ ਤੁਸੀਂ ਇਹ ਮੰਗ ਸਕਦੇ ਹੋ। ਡਬਲਯੂ ਸੀ ਏ ਟੀ ਹੋਰ ਦਲੀਲਾਂ ਅਤੇ ਸਬੂਤ ਭੇਜਣ ਲਈ 45 ਦਿਨਾਂ ਤੱਕ ਦਾ ਵਾਧੂ ਸਮਾਂ ਦੇ ਸਕਦਾ ਹੈ।

ਇਸ ਕਿਸਮ ਦੀ ਅਪੀਲ ਲਈ, ਤੁਸੀਂ ਇਕ ਚਿੱਠੀ ਲਿਖ ਸਕਦੇ ਹੋ ਅਤੇ ਆਪਣਾ ਪੱਖ ਦੱਸ ਸਕਦੇ ਹੋ। ਤੁਸੀਂ ਇਸ ਚਿੱਠੀ ਵਿਚ ਇਹ ਦਸ ਸਕਦੇ ਹੋ ਕਿ ਤੁਹਾਡੇ ਖਿਆਲ ਮੁਤਾਬਕ ਤੁਹਾਨੂੰ ਉਹ ਬੈਨੇਫਿਟਸ (ਭੱਤੇ) ਕਿਉਂ ਦਿੱਤੇ ਜਾਣੇ ਚਾਹੀਦੇ ਹਨ ਜਿਹੜੇ ਤੁਸੀਂ ਚਾਹੁੰਦੇ ਹੋ। ਇਸ ਨੂੰ ਰਿਟਨ ਸਬਮਿਸ਼ਨ (ਲਿਖਤੀ ਬਿਆਨ) ਆਖਿਆ ਜਾਂਦਾ ਹੈ। ਤੁਸੀਂ ਆਪਣੇ ਕੇਸ ਦੇ ਹੱਕ ਵਿਚ ਡਬਲਯੂ ਸੀ ਏ ਟੀ ਨੂੰ ਹੋਰ ਲਿਖਤੀ ਜਾਣਕਾਰੀ ਅਤੇ ਸਬੂਤ ਵੀ ਭੇਜ ਸਕਦੇ ਹੋ, ਜਿਵੇਂ ਕਿ ਕਿਸੇ ਡਾਕਟਰ ਜਾਂ ਸਾਥੀ ਵਰਕਰ ਵਲੋਂ ਹਿਮਾਇਤ ਦੀਆਂ ਚਿੱਠੀਆਂ।

ਜੇ ਤੁਹਾਡਾ ਕੰਮ-ਮਾਲਕ ਤੁਹਾਡੀ ਅਪੀਲ ਵਿਚ ਹਿੱਸਾ ਲੈਂਦਾ ਹੈ ਤਾਂ ਡਬਲਯੂ ਸੀ ਏ ਟੀ ਤੁਹਾਡੇ ਕੰਮ-ਮਾਲਕ ਨੂੰ ਤੁਹਾਡੇ ਲਿਖਤੀ ਬਿਆਨ ਅਤੇ ਨਵੇਂ ਸਬੂਤਾਂ ਦੀ ਕਾਪੀ ਭੇਜੇਗਾ ਅਤੇ ਤੁਹਾਡੇ ਕੰਮ-ਮਾਲਕ ਨੂੰ ਆਪਣੇ ਵਿਚਾਰ ਭੇਜਣ ਦਾ ਸੱਦਾ ਦੇਵੇਗਾ। ਜੇ ਤੁਹਾਡਾ ਕੰਮ-ਮਾਲਕ ਕੋਈ ਜਵਾਬ ਦਿੰਦਾ ਹੈ ਤਾਂ ਡਬਲਯੂ ਸੀ ਏ ਟੀ ਤੁਹਾਨੂੰ ਇਸ ਦੀ ਕਾਪੀ ਭੇਜੇਗਾ ਅਤੇ ਤੁਹਾਨੂੰ ਆਪਣੇ ਕੰਮ-ਮਾਲਕ ਦੇ ਬਿਆਨ ਅਤੇ ਸਬੂਤ 'ਤੇ ਆਪਣੇ ਵਿਚਾਰ ਦੇਣ ਲਈ 14 ਦਿਨ ਦੇਵੇਗਾ।

***ਚੋਣ 2: ਜ਼ਬਾਨੀ ਸੁਣਵਾਈ***

ਅਪੀਲ ਦੀ ਦੂਜੀ ਕਿਸਮ ਜ਼ਬਾਨੀ ਸੁਣਵਾਈ ਹੈ, ਜਿਹੜੀ ਤੁਹਾਡੇ ਅਤੇ ਤੁਹਾਡੇ ਕੰਮ-ਮਾਲਕ ਲਈ ਆਪਣੇ ਸਬੂਤ ਨਿੱਜੀ ਤੌਰ 'ਤੇ ਪੇਸ਼ ਕਰਨ ਦਾ ਇਕ ਮੌਕਾ ਹੈ। ਤੁਸੀਂ ਅਪੀਲ ਦੇ ਨੋਟਿਸ ਦੇ ਆਪਣੇ ਫਾਰਮ 'ਤੇ ਜ਼ਬਾਨੀ ਸੁਣਵਾਈ ਲਈ ਬੇਨਤੀ ਕਰ ਸਕਦੇ ਹੋ। ਜੇ ਤੁਸੀਂ ਜ਼ਬਾਨੀ ਸੁਣਵਾਈ ਲਈ ਬੇਨਤੀ ਕਰਦੇ ਹੋ ਤਾਂ ਤੁਹਾਨੂੰ ਅਪੀਲ ਦੇ ਨੋਟਿਸ ਦੇ ਫਾਰਮ 'ਤੇ ਇਹ ਦੱਸਣ ਦੀ ਲੋੜ ਪਵੇਗੀ ਕਿ ਤੁਸੀਂ ਇਹ ਕਿਉਂ ਸੋਚਦੇ ਹੋ ਕਿ ਜ਼ਬਾਨੀ ਸੁਣਵਾਈ ਦੀ ਲੋੜ ਹੈ। ਜੇ ਡਬਲਯੂ ਸੀ ਏ ਟੀ ਤੁਹਾਡੀ ਬੇਨਤੀ ਮੰਨ ਲੈਂਦਾ ਹੈ ਤਾਂ ਇਹ ਜ਼ਬਾਨੀ ਸੁਣਵਾਈ ਦੀ ਤਾਰੀਕ ਮਿੱਥੇਗਾ। ਤੁਸੀਂ ਆਪਣੀ ਜ਼ਬਾਨੀ ਸੁਣਵਾਈ, ਵੀਡਿਓਕਾਨਫਰੰਸ ਰਾਹੀਂ ਜਾਂ ਨਿੱਜੀ ਤੌਰ 'ਤੇ ਪੇਸ਼ ਹੋ ਕੇ ਕੀਤੇ ਜਾਣ ਲਈ ਬੇਨਤੀ ਕਰ ਸਕਦੇ ਹੋ। ਡਬਲਯੂ ਸੀ ਏ ਟੀ ਜ਼ਬਾਨੀ ਸੁਣਵਾਈਆਂ ਬੀ.ਸੀ. ਦੇ ਵੱਖ ਵੱਖ ਸ਼ਹਿਰਾਂ ਵਿਚ ਕਰਦਾ ਹੈ। ਅਪੀਲ ਦੇ ਨੋਟਿਸ ਦੇ ਫਾਰਮ ਉੱਪਰ ਦਿੱਤੀ ਥਾਂਵਾਂ ਦੀ ਲਿਸਟ ਵਿੱਚੋਂ ਉਹ ਥਾਂ ਚੁਣੋ ਜਿਹੜੀ ਤੁਹਾਡੇ ਸਭ ਤੋਂ ਨੇੜੇ ਹੈ।

ਤੁਹਾਨੂੰ ਜ਼ਬਾਨੀ ਸੁਣਵਾਈ 'ਤੇ ਆਪਣੇ ਨਾਲ ਕਿਸੇ ਨੁਮਾਇੰਦੇ ਨੂੰ ਲਿਆਉਣ ਦੀ ਆਗਿਆ ਹੈ। ਤੁਹਾਨੂੰ ਆਪਣੇ ਗਵਾਹ ਲਿਆਉਣ ਦੀ ਵੀ ਆਗਿਆ ਹੈ। ਜ਼ਬਾਨੀ ਸੁਣਵਾਈ ਹੋਣ ਤੋਂ ਪਹਿਲਾਂ ਤੁਹਾਡੇ ਲਈ ਡਬਲਯੂ ਸੀ ਏ ਟੀ ਨੂੰ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਕੀ ਤੁਸੀਂ ਕੋਈ

ਨੁਮਾਇੰਦਾ ਜਾਂ ਗਵਾਹ ਲਿਆਉਣ ਦੀ ਵਿਉਂਤ ਬਣਾ ਰਹੇ ਹੋ। ਜੇ ਤੁਹਾਡਾ ਕੰਮ-ਮਾਲਕ ਤੁਹਾਡੀ ਅਪੀਲ ਵਿਚ ਹਿੱਸਾ ਲੈਂਦਾ ਹੈ ਤਾਂ ਡਬਲਯੂ ਸੀ ਏ ਟੀ ਤੁਹਾਡੇ ਕੰਮ-ਮਾਲਕ ਨੂੰ ਜ਼ਬਾਨੀ ਸੁਣਵਾਈ ਵਿਚ ਹਿੱਸਾ ਲੈਣ ਦਾ ਸੱਦਾ ਦੇਵੇਗਾ। ਤੁਹਾਡਾ ਕੰਮ-ਮਾਲਕ ਵੀ ਆਪਣੇ ਨਾਲ ਸੁਣਵਾਈ ਵਿਚ ਗਵਾਹ ਲਿਆ ਸਕਦਾ ਹੈ।

ਜ਼ਬਾਨੀ ਸੁਣਵਾਈ ਵਿਖੇ ਤੁਸੀਂ ਡਬਲਯੂ ਸੀ ਏ ਟੀ ਦੇ ਪੈਨਲ ਨੂੰ ਆਪਣਾ ਪੱਖ ਦੱਸਣ ਦੇ ਯੋਗ ਹੋਵੋਗੇ। ਤੁਸੀਂ ਡਬਲਯੂ ਸੀ ਏ ਟੀ ਦੇ ਪੈਨਲ ਨੂੰ ਇਹ ਦੱਸਣ ਦੇ ਵੀ ਯੋਗ ਹੋਵੋਗੇ ਕਿ ਤੁਹਾਡੇ ਖਿਆਲ ਮੁਤਾਬਕ ਫੈਸਲਾ ਕਿਉਂ ਬਦਲਿਆ ਜਾਣਾ ਚਾਹੀਦਾ ਹੈ। ਜੇ ਤੁਸੀਂ ਚੋਣ ਕਰੋ ਤਾਂ ਤੁਸੀਂ ਸੁਣਵਾਈ ਵਿਖੇ ਡਬਲਯੂ ਸੀ ਏ ਟੀ ਦੇ ਪੈਨਲ ਨੂੰ ਇਕ ਚਿੱਠੀ ਵੀ ਦੇ ਸਕਦੇ ਹੋ ਜਿਹੜੀ ਤੁਹਾਡੇ ਕੇਸ ਨੂੰ ਸੰਖੇਪ ਵਿਚ ਦੱਸਦੀ ਹੋਵੇ। ਕਿਰਪਾ ਕਰਕੇ ਨੋਟ ਕਰੋ: ਤੁਹਾਡੇ ਲਈ ਕੋਈ ਵੀ ਨਵਾਂ ਲਿਖਤੀ ਸਬੂਤ, ਜਿਵੇਂ ਕਿ ਨਵੀਂ ਮੈਡੀਕਲ ਰਿਪੋਰਟ, ਜ਼ਬਾਨੀ ਸੁਣਵਾਈ ਦੀ ਤਾਰੀਕ ਤੋਂ 21 ਦਿਨ ਪਹਿਲਾਂ ਭੇਜਣਾ ਜ਼ਰੂਰੀ ਹੈ। ਜੇ ਤੁਸੀਂ ਇਹ ਅੰਤਿਮ ਤਾਰੀਕ ਪੂਰੀ ਨਾ ਕਰ ਸਕਦੇ ਹੋਵੋ ਤਾਂ ਤੁਹਾਨੂੰ ਫੌਰਨ ਡਬਲਯੂ ਸੀ ਏ ਟੀ ਨਾਲ ਸੰਪਰਕ ਕਰਨਾ ਚਾਹੀਦਾ ਹੈ।

### ਜੇ ਮੈਂ ਅੰਗਰੇਜ਼ੀ ਚੰਗੀ ਤਰ੍ਹਾਂ ਨਾ ਬੋਲਦਾ/ਬੋਲਦੀ ਹੋਵਾਂ ਤਾਂ ਕੀ ਹੋਵੇਗਾ?

ਜੇ ਤੁਸੀਂ ਅੰਗਰੇਜ਼ੀ ਚੰਗੀ ਤਰ੍ਹਾਂ ਨਹੀਂ ਬੋਲਦੇ ਤਾਂ ਡਬਲਯੂ ਸੀ ਏ ਟੀ ਨੂੰ ਦੱਸੋ ਕਿ ਜ਼ਬਾਨੀ ਸੁਣਵਾਈ ਲਈ ਤੁਹਾਨੂੰ ਦੋਭਾਸ਼ੀਏ (ਇੰਟਰਪਰੇਟਰ) ਦੀ ਲੋੜ ਹੈ। ਕਿਰਪਾ ਕਰਕੇ ਨੋਟ ਕਰੋ: ਤੁਸੀਂ ਉਲੱਥੇ ਲਈ ਦੋਸਤਾਂ ਜਾਂ ਪਰਿਵਾਰ ਦੇ ਮੈਂਬਰਾਂ 'ਤੇ ਨਿਰਭਰ ਨਹੀਂ ਹੋ ਸਕਦੇ ਅਤੇ ਤੁਹਾਡੇ ਲਈ ਡਬਲਯੂ ਸੀ ਏ ਟੀ ਵਲੋਂ ਦਿੱਤੇ ਗਏ ਦੋਭਾਸ਼ੀਏ ਦੀ ਵਰਤੋਂ ਕਰਨਾ ਜ਼ਰੂਰੀ ਹੈ।

### ਜੇ ਅਪੀਲ ਨਾਲ ਸੰਬੰਧਿਤ ਮੇਰੇ ਖਰਚੇ ਆਏ ਹੋਣ ਤਾਂ ਕੀ ਹੋਵੇਗਾ?

ਡਬਲਯੂ ਸੀ ਏ ਟੀ ਨੂੰ ਆਪਣੇ ਬਿਆਨ ਵਿਚ ਤੁਹਾਨੂੰ ਪੈਸਿਆਂ ਦੀ ਵਾਪਸੀ ਲਈ ਬੇਨਤੀ ਕਰਨੀ ਚਾਹੀਦੀ ਹੈ। ਜੇ ਤੁਸੀਂ ਸੁਣਵਾਈ ਕਰਕੇ ਆਪਣੇ ਕੰਮ ਤੋਂ ਖੁੰਝ ਗਏ ਹੋ, ਜਾਂ ਤੁਹਾਨੂੰ ਸੁਣਵਾਈ ਲਈ 20 ਕਿਲੋਮੀਟਰ ਤੋਂ ਜ਼ਿਆਦਾ ਦਾ ਸਫਰ ਕਰਨਾ ਪੈਂਦਾ ਹੈ ਅਤੇ ਜੇ ਤੁਸੀਂ ਆਪਣੀ ਅਪੀਲ ਵਿਚ ਕਾਮਯਾਬ ਹੋ ਜਾਂਦੇ ਹੋ ਤਾਂ ਡਬਲਯੂ ਸੀ ਏ ਟੀ ਆਮ ਤੌਰ 'ਤੇ ਤੁਹਾਡੀ ਤਨਖਾਹ ਦੇ ਨੁਕਸਾਨ ਜਾਂ ਤੁਹਾਡੇ ਸਫਰ ਦੇ ਵਾਜਬ ਖਰਚੇ ਵਾਪਸ ਕੀਤੇ ਜਾਣ ਦਾ ਆਰਡਰ ਕਰੇਗਾ। ਕਿਰਪਾ ਕਰਕੇ ਨੋਟ ਕਰੋ ਕਿ ਇਹ ਆਮ ਤੌਰ 'ਤੇ ਬ੍ਰਿਟਿਸ਼ ਕੋਲੰਬੀਆ ਵਿਚਲੇ ਸਫਰ ਦੇ ਇਕ ਹਿੱਸੇ ਤੱਕ ਹੀ ਸੀਮਤ ਹੈ, ਜੇ ਡਬਲਯੂ ਸੀ ਏ ਟੀ ਨੇ ਤੁਹਾਡੇ ਤੋਂ ਆਪ ਹਾਜ਼ਰ ਹੋਣ ਦੀ ਮੰਗ ਨਾ ਕੀਤੀ ਹੋਵੇ। ਜੇ ਆਪ ਹਾਜ਼ਰ ਹੋਣਾ ਵਿਹਾਰਕ ਨਾ ਹੋਵੇ ਤਾਂ ਅਰਜ਼ੀ ਕਰਨ 'ਤੇ, ਡਬਲਯੂ ਸੀ ਏ ਟੀ ਦੋਨਾਂ ਧਿਰਾਂ ਜਾਂ ਗਵਾਹਾਂ ਨੂੰ ਵੀਡੀਓਕਾਨਫਰੰਸ ਰਾਹੀਂ ਸ਼ਾਮਲ ਹੋਣ ਦੀ ਆਗਿਆ ਦੇ ਸਕਦਾ ਹੈ।

ਕਿਸੇ ਮਾਹਰ ਦੀ ਗਵਾਹੀ ਜਾਂ ਕਿਸੇ ਆਮ ਵਿਅਕਤੀ ਦੀ ਗਵਾਹੀ ਸੁਣਵਾਈ ਵਿਚ ਦਿਵਾਉਣ ਲਈ ਵੀ ਤੁਹਾਡੇ ਖਰਚੇ ਆ ਸਕਦੇ ਹਨ। ਉਦਾਹਰਣ ਲਈ, ਜੇ ਤੁਸੀਂ ਸੁਣਵਾਈ ਵਿਚ ਗਵਾਹੀ ਦੇਣ ਲਈ ਕਿਸੇ ਆਮ ਵਿਅਕਤੀ ਨੂੰ ਲਿਆਉਂਦੇ ਹੋ ਤਾਂ ਉਸ ਵਿਅਕਤੀ ਦੇ ਸਫਰ ਕਰਨ ਦੇ ਖਰਚੇ ਹੋ ਸਕਦੇ ਹਨ। ਤੁਸੀਂ ਆਪਣੇ ਕੇਸ ਦੇ ਹੱਕ ਵਿਚ ਕਿਸੇ ਡਾਕਟਰ ਦੀ ਰਿਪੋਰਟ ਲਈ ਹੋ ਸਕਦੀ ਹੈ ਅਤੇ ਡਾਕਟਰ ਨੇ ਫੀਸ ਚਾਰਜ ਕੀਤੀ ਹੋ ਸਕਦੀ ਹੈ। ਡਬਲਯੂ ਸੀ ਏ ਟੀ ਆਮ ਤੌਰ 'ਤੇ ਖਰਚਾ ਵਾਪਸ ਦੇਣ ਦਾ ਆਰਡਰ ਕਰੇਗਾ, ਭਾਵੇਂ ਅਪੀਲ ਦਾ ਨਤੀਜਾ ਕੋਈ ਵੀ ਨਿਕਲੇ ਜੇ ਇਸ ਗਵਾਹੀ ਨੇ ਡਬਲਯੂ ਸੀ ਏ ਟੀ ਦੀ ਅਪੀਲ 'ਤੇ ਵਿਚਾਰ ਕਰਨ ਵਿਚ ਮਦਦ ਕੀਤੀ ਹੈ ਅਤੇ ਤੁਹਾਡਾ ਅਜਿਹੀ ਗਵਾਹੀ ਦਿਵਾਉਣਾ ਵਾਜਬ ਸੀ। ਪਰ, ਅਜਿਹੇ ਖਰਚੇ ਵਾਪਸ ਕਰਨ ਦੀਆਂ ਸੀਮਾਵਾਂ ਹਨ। ਸਫਰ ਸਭ ਤੋਂ ਕਿਫਾਇਤੀ ਤਰੀਕੇ ਨਾਲ ਕੀਤਾ ਜਾਣਾ ਜ਼ਰੂਰੀ ਹੈ, ਅਤੇ ਡਾਕਟਰ ਦੀਆਂ ਫੀਸਾਂ ਆਮ ਤੌਰ 'ਤੇ ਬ੍ਰਿਟਿਸ਼ ਕੋਲੰਬੀਆ ਮੈਡੀਕਲ ਐਸੋਸੀਏਸ਼ਨ (ਬੀ ਸੀ ਐੱਮ ਏ) ਦੀਆਂ ਗਾਈਡਲਾਈਨਾਂ ਨਾਲੋਂ ਵਧਣੀਆਂ ਨਹੀਂ ਚਾਹੀਦੀਆਂ। ਭਾਵੇਂ ਕਿ ਛੋਟਾਂ ਦਿੱਤੀਆਂ ਜਾ ਸਕਦੀਆਂ ਹਨ ਫਿਰ ਵੀ ਤੁਹਾਨੂੰ ਉਨ੍ਹਾਂ ਸੀਮਾਵਾਂ ਤੱਕ ਹੀ ਖਰਚੇ ਵਾਪਸ ਮਿਲਣ ਦਾ ਖਤਰਾ ਹੈ ਜਿਹੜੇ ਸੀ ਐੱਮ ਏ ਦੀਆਂ ਗਾਈਡਲਾਈਨਾਂ ਵਿਚ ਮਿੱਥੇ ਗਏ ਹੁੰਦੇ ਹਨ।

# ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ (ਡਬਲਯੂ ਸੀ ਏ ਟੀ) ਨੂੰ ਅਪੀਲਾਂ

## ਫੈਸਲਾ ਕਰਨ ਨੂੰ ਕਿੰਨਾ ਸਮਾਂ ਲੱਗੇਗਾ?

ਕਾਨੂੰਨ ਮੁਤਾਬਕ, ਡਬਲਯੂ ਸੀ ਏ ਟੀ ਲਈ ਉਸ ਦਿਨ ਤੋਂ ਬਾਅਦ 180 ਦਿਨਾਂ ਦੇ ਵਿਚ ਵਿਚ ਤੁਹਾਡੀ ਅਪੀਲ 'ਤੇ ਫੈਸਲਾ ਕਰਨਾ ਜ਼ਰੂਰੀ ਹੈ ਜਦੋਂ ਵਰਕਸੇਫ ਬੀ ਸੀ ਨੇ ਤੁਹਾਨੂੰ ਜਾਣਕਾਰੀ ਦਿੱਤੀ ਸੀ। ਗੁੰਝਲਦਾਰ ਕੇਸਾਂ ਵਿਚ, ਡਬਲਯੂ ਸੀ ਏ ਟੀ ਦਾ ਪੈਨਲ ਆਪਣਾ ਫੈਸਲਾ ਪੂਰਾ ਕਰਨ ਲਈ ਡਬਲਯੂ ਸੀ ਏ ਟੀ ਦੇ ਚੇਅਰ ਤੋਂ ਹੋਰ ਸਮੇਂ ਦੀ ਮੰਗ ਕਰ ਸਕਦਾ ਹੈ।

## ਫੈਸਲਾ ਹੋਣ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਨੂੰ ਡਬਲਯੂ ਸੀ ਏ ਟੀ ਦਾ ਫੈਸਲਾ ਡਾਕ ਰਾਹੀਂ ਭੇਜਿਆ ਜਾਵੇਗਾ।

ਜੇ ਡਬਲਯੂ ਸੀ ਏ ਟੀ ਇਹ ਫੈਸਲਾ ਕਰਦਾ ਹੈ ਕਿ ਅਪੀਲ ਤੁਹਾਡੇ ਹੱਕ ਵਿਚ ਹੈ (ਤੁਹਾਡੀ ਅਪੀਲ ਨੂੰ ਮੰਨ ਲੈਂਦਾ ਹੈ ਜਾਂ ਪਿਛਲੇ ਫੈਸਲੇ ਨੂੰ ਤਬਦੀਲ ਕਰ ਦਿੰਦਾ ਹੈ) ਤਾਂ ਲਾਗੂ ਕਰਨ ਲਈ ਫੈਸਲਾ ਵਰਕਸੇਫ ਬੀ ਸੀ ਨੂੰ ਵਾਪਸ ਭੇਜਿਆ ਜਾਵੇਗਾ।

ਜੇ ਡਬਲਯੂ ਸੀ ਏ ਟੀ ਅਪੀਲ ਦਾ ਫੈਸਲਾ ਤੁਹਾਡੇ ਹੱਕ ਵਿਚ ਨਹੀਂ ਕਰਦਾ (ਜਿਵੇਂ, ਤੁਹਾਡੀ ਅਪੀਲ ਰੱਦ ਕਰ ਦਿੰਦਾ ਹੈ ਜਾਂ ਪਿਛਲੇ ਫੈਸਲੇ ਦੀ ਪੁਸ਼ਟੀ ਕਰਦਾ ਹੈ) ਤਾਂ ਵਰਕਰਜ਼ ਕੰਪਨਸੇਸ਼ਨ ਸਿਸਟਮ ਦੇ ਅੰਦਰ ਹੁਣ ਹੋਰ ਕੋਈ ਅਪੀਲ ਨਹੀਂ ਹੈ। ਡਬਲਯੂ ਸੀ ਏ ਟੀ ਦਾ ਫੈਸਲਾ ਅੰਤਿਮ ਹੈ, ਪਰ ਦੋ ਹੋਰ ਕਾਰਵਾਈਆਂ ਸੀਮਤ ਹਾਲਤਾਂ ਵਿਚ ਉਪਲਬਧ ਹਨ: ਮੁੜ ਵਿਚਾਰ (ਰੀਕੌਨਸਿਡਰੇਸ਼ਨ) ਜਾਂ ਜੂਡੀਸ਼ੀਅਲ ਰਿਵੀਊ। ਇਨ੍ਹਾਂ ਬਾਰੇ ਜਾਣਕਾਰੀ ਲਈ ਡਬਲਯੂ ਸੀ ਏ ਟੀ ਦੀ ਪੋਸਟ ਡਿਸੀਜ਼ਨ ਗਾਈਡ ਦੇਖੋ: https://www.wcat.bc.ca/home/appeal-a-decision/get-a-final-decision/

ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਵਰਕਰਜ਼ ਅਡਵਾਈਜ਼ਰਜ਼ ਆਫਿਸ ਨਾਲ 1-800-663-4261 'ਤੇ ਸੰਪਰਕ ਕਰੋ।